# ਦਿੱਲੀ ਤੋਂ ਬਾਅਦ ਉੱਤਰ ਪ੍ਰਦੇਸ਼ ਤੇ ਝਾਰਖੰਡ 'ਚ ਹੋਇਆ ਸਭ ਤੋਂ ਵੱਧ ਸਿੱਖ ਕਤਲੇਆਮ

☛ 'ਲਾਇਰਜ਼ ਫਾਰ ਹਿਊਮਨ ਰਾਈਟਸ ਇੰਟਰਨੈਸ਼ਨਲ' ਦੇ ਐਡਵੋਕੇਟ ਨਵਕਿਰਨ ਸਿੰਘ ਨੇ ਪੇਸ਼ ਕੀਤੀ ਰਿਪੋਰਟ ☛ 403 ਕੇਸਾਂ ਵਿਚੋਂ 324 ਕਰ ਦਿੱਤੇ ਗਏ ਕੇਸ ਰੱਦ



ਚੰਡੀਗੜ੍ਹ-1984 'ਚ ਸਿੱਖਾਂ ਦੀ ਹੋਈ ਨਸਲਕੁਸ਼ੀ ਬਾਰੇ ਦੇਸ਼ ਦੇ 10 ਰਾਜਾਂ ਤੋਂ ਪ੍ਰਾਪਤ ਹੋਏ ਸਰਕਾਰੀ ਰਿਕਾਰਡ ਤੋਂ ਸਾਹਮਣੇ ਆਇਆ ਹੈ ਕਿ ਰਾਜਧਾਨੀ ਦਿੱਲੀ ਤੋਂ ਬਾਅਦ ਉੱਤਰ ਪ੍ਰਦੇਸ਼ ਅਤੇ ਝਾਰਖੰਡ ਵਿਚ ਸਿੱਖਾਂ ਦਾ ਸਭ ਤੋਂ ਜ਼ਿਆਦਾ ਕਤਲੇਆਮ ਹੋਇਆ। ਮਨੁੱਖੀ ਅਧਿਕਾਰਾਂ ਖਾਤਰ ਲੜਨ ਵਾਲੀ ਵਕੀਲਾਂ ਦੀ ਸੰਸਥਾ 'ਲਾਇਰਜ਼ ਫਾਰ ਹਿਊਮਨ ਰਾਈਟਸ ਇੰਟਰਨੈਸ਼ਨਲ' ਦੇ ਐਡਵੋਕੇਟ ਨਵਕਿਰਨ ਸਿੰਘ ਵੱਲੋਂ 2 ਸਾਲਾਂ ਦੀ ਜੱਦੋਜਹਿਦ ਨਾਲ ਦੇਸ਼ ਦੇ 10 ਰਾਜਾਂ ਵਿਚ ਹੋਏ ਸਿੱਖ ਕਤਲੇਆਮ ਦਾ ਸਰਕਾਰੀ ਰਿਕਾਰਡ ਪ੍ਰਾਪਤ ਕੀਤਾ ਗਿਆ। ਇਸ ਸਰਕਾਰੀ ਰਿਕਾਰਡ ਅਨੁਸਾਰ '84 ਵਿਚ ਰਾਜਧਾਨੀ ਦਿੱਲੀ 'ਚ 1605 ਸਿੱਖਾਂ ਦਾ ਕਤਲ ਹੋਇਆ, ਜਦਕਿ ਇਨ੍ਹਾਂ ਕਤਲਾਂ ਅਤੇ ਹਿੰਸਾ ਦੇ ਸਿਰਫ 740 ਕੇਸ ਹੀ ਪੁਲਿਸ ਕੋਲ ਦਰਜ ਹੋਏ ਤੇ ਇਨ੍ਹਾਂ ਵਿਚੋਂ 403 ਕੇਸ ਹੀ ਮੁਕੱਦਮੇ ਲਈ ਭੇਜੇ ਗਏ। ਰਿਕਾਰਡ ਦੱਸਦਾ ਹੈ ਕਿ ਇਨ੍ਹਾਂ 403 ਕੇਸਾਂ ਵਿਚੋਂ 324 ਕੇਸ ਰੱਦ ਕਰ ਦਿੱਤੇ ਗਏ। ਸਰਕਾਰੀ ਰਿਕਾਰਡ ਵਿਚ ਇਹ ਵੀ ਸਪੱਸ਼ਟ ਹੈ ਕਿ ਸਿੱਖ ਕਤਲੇਆਮ ਤੋਂ ਇਲਾਵਾ ਇਕੱਲੀ ਦਿੱਲੀ ਵਿਚ ਹੀ 64 ਗੁਰਦੁਆਰਿਆਂ 'ਤੇ ਹਮਲੇ ਹੋਏ।

ਸਿੱਖ ਨਸਲਕੁਸ਼ੀ 'ਚ ਦਿੱਲੀ ਤੋਂ ਬਾਅਦ ਉੱਤਰ ਪ੍ਰਦੇਸ਼ ਦਾ ਨੰਬਰ ਆਉਂਦਾ ਹੈ। ਸਰਕਾਰੀ ਰਿਕਾਰਡ ਅਨੁਸਾਰ ਉੱਤਰ ਪ੍ਰਦੇਸ਼ ਵਿਚ 260 ਸਿੱਖ ਕਤਲ ਕੀਤੇ ਗਏ। ਝਾਰਖੰਡ ਅਤੇ ਹਰਿਆਣਾ ਵੀ ਸਿੱਖ ਨਸਲਕੁਸ਼ੀ 'ਚ ਪਿੱਛੇ ਨਹੀਂ ਹਨ। ਰਿਕਾਰਡ ਤੋਂ ਸਾਹਮਣੇ ਆਇਆ ਹੈ ਕਿ ਝਾਰਖੰਡ ਵਿਚ 79 ਸਿੱਖਾਂ ਦਾ ਕਤਲ ਹੋਇਆ ਅਤੇ ਪੁਲਿਸ ਕੋਲ ਕਤਲ ਅਤੇ ਹਿੰਸਾ ਦੇ 460 ਮਾਮਲੇ ਦਰਜ ਹੋਏ, ਜਿਨ੍ਹਾਂ ਵਿਚੋਂ 130 ਮਾਮਲੇ ਅਦਾਲਤੀ ਟ੍ਰਾਇਲ ਦੌਰਾਨ ਰੱਦ ਕਰ ਦਿੱਤੇ ਗਏ।

ਪੰਜਾਬ ਦੇ ਗੁਆਂਢੀ ਰਾਜ ਹਰਿਆਣਾ ਵਿਚ 51 ਸਿੱਖਾਂ ਦਾ ਕਤਲ ਕੀਤਾ ਗਿਆ ਅਤੇ ਰਾਜ ਵਿਚ 4 ਗੁਰਦੁਆਰਿਆਂ ਉਤੇ ਹਮਲੇ ਹੋਏ। ਇਸ ਵੇਲੇ ਅੱਤਵਾਦ ਦੀ ਮਾਰ ਝੱਲ ਰਹੇ ਜੰਮੂ-ਕਸ਼ਮੀਰ ਵਿਚ ਵੀ 17 ਸਿੱਖਾਂ ਦਾ ਕਤਲ ਹੋਇਆ ਅਤੇ 4 ਗੁਰਦੁਆਰਿਆਂ 'ਤੇ ਹਮਲੇ ਹੋਏ। ਗੁਰਦੁਆਰਿਆਂ ਉੱਤੇ ਹਮਲਿਆਂ ਵਿਚ ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਵੀ ਸ਼ਾਮਲ ਹਨ। ਰਿਕਾਰਡ ਮੁਤਾਬਕ ਉੱਤਰਾਖੰਡ ਵਿਚ 15 ਗੁਰਦੁਆਰਿਆਂ ਅਤੇ ਹਿਮਾਚਲ ਪ੍ਰਦੇਸ਼ ਵਿਚ 8 ਗੁਰਦੁਆਰਿਆਂ ਉੱਤੇ ਹਮਲੇ ਹੋਏ। ਐਡਵੋਕੇਟ ਨਵਕਿਰਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ 13 ਰਾਜਾਂ ਤੋਂ ਸਿੱਖ ਕਤਲੇਆਮ ਦਾ ਸਰਕਾਰੀ ਰਿਕਾਰਡ ਮੰਗਿਆ ਸੀ, ਜਿਨ੍ਹਾਂ ਵਿਚੋਂ ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਮਹਾਰਾਸ਼ਟਰ ਨੇ ਰਿਕਾਰਡ ਸੌਂਪਣ ਤੋਂ ਇਨਕਾਰ ਕਰ ਦਿੱਤਾ। ਰਿਕਾਰਡ ਅਨੁਸਾਰ ਉਪਰੋਕਤ ਰਾਜਾਂ ਸਮੇਤ ਉੜੀਸਾ ਅਤੇ ਬਿਹਾਰ ਵਿਚ ਕੁਲ 2018 ਸਿੱਖ ਕਤਲ ਕੀਤੇ ਗਏ। ਜਦਕਿ ਕੁਲ 100 ਗੁਰਦੁਆਰਾ ਸਾਹਿਬਾਨ ਉਤੇ ਹਮਲੇ ਹੋਏ। ਉਨ੍ਹਾਂ ਦੱਸਿਆ ਕਿ ਉਹ 1984 ਤੋਂ 1994 ਤੱਕ ਕਤਲ ਕੀਤੇ ਗਏ ਸਿੱਖਾਂ ਬਾਰੇ ਸਾਰਾ ਸਰਕਾਰੀ ਰਿਕਾਰਡ ਸਿੱਖ ਨਿਆਂ ਲਈ ਸੰਘਰਸ਼ ਕਰ ਰਹੀ ਸੰਸਥਾ 'ਸਿੱਖਸ ਫਾਰ ਜਸਟਿਸ' ਨੂੰ ਸੌਂਪਣਗੇ ਅਤੇ ਇਸ ਰਿਕਾਰਡ ਦੀ ਵਰਤੋਂ ਸੰਯੁਕਤ ਰਾਸ਼ਟਰ ਵਿਚ ਪਟੀਸ਼ਨ ਦਾਇਰ ਕਰਨ ਲਈ ਕੀਤੀ ਜਾਵੇਗੀ।

## ਦਿੱਲੀ ਹਾਈ ਕੋਰਟ ਨੇ ਦੋਸ਼ ਖ਼ਾਰਜ ਕਰਨ ਬਾਰੇ ਸੱਜਣ ਕੁਮਾਰ ਦੀ ਪਟੀਸ਼ਨ ਰੱਦ ਕੀਤੀ

ਨਵੀਂ ਦਿੱਲੀ-ਦਿੱਲੀ ਹਾਈ ਕੋਰਟ ਨੇ ਕਾਂਗਰਸੀ ਆਗੂ ਸੱਜਣ ਕੁਮਾਰ ਦੀ ਉਸ ਪਟੀਸ਼ਨ ਨੂੰ ਖ਼ਾਰਜ ਕਰ ਦਿੱਤਾ, ਜਿਸ ਵਿਚ ਉਸ ਨੇ 1984 ਦੇ ਸਿੱਖ ਕਤਲੇਆਮ ਮਾਮਲੇ 'ਚ ਆਪਣੇ ਵਿਰੁੱਧ ਦੋਸ਼ ਆਇਦ ਕਰਨ ਦੇ ਇਕ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ। ਜਸਟਿਸ ਵਿਪਨ ਸਾਂਘੀ ਨੇ ਕਿਹਾ ਕਿ ਮੁਕੱਦਮੇ ਵਿਚ ਦੇਰੀ ਨਾਲ ਮੁਲਜ਼ਮ ਨੂੰ ਫ਼ਾਇਦਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਜੁਰਮ ਦੀ ਗੰਭੀਰਤਾ ਨੂੰ ਵੇਖਦਿਆਂ ਪਟੀਸ਼ਨਰ ਵਿਰੁੱਧ ਲਗਾਏ ਦੋਸ਼ ਖ਼ਾਰਜ ਕਰਨਾ ਨਿਆਂ ਦੇ ਹਿੱਤ ਵਿਚ ਨਹੀਂ। ਜਸਟਿਸ ਸਾਂਘੀ ਨੇ ਹੇਠਲੀ ਅਦਾਲਤ ਨੂੰ ਮੁਕੱਦਮੇ ਦਾ ਤੇਜ਼ੀ ਨਾਲ ਨਿਪਟਾਰਾ ਕਰਨ ਦੀ ਹਦਾਇਤ ਵੀ ਕੀਤੀ। ਅਦਾਲਤ ਨੇ ਆਪਣੇ ਆਦੇਸ਼ ਵਿਚ ਸੱਜਣ ਕੁਮਾਰ ਵਿਰੁਧ ਦਰਜ ਐਫ.ਆਈ.ਆਰ. ਰੱਦ ਕਰਨ ਦੇ ਦਿੱਲੀ ਪੁਲਿਸ ਦੇ ਫ਼ੈਸਲੇ 'ਤੇ ਸਵਾਲ ਉਠਾਇਆ, ਕਿਉਂਕਿ ਮਾਮਲੇ ਦੀ ਜਾਂਚ ਸੀ.ਬੀ.ਆਈ. ਕਰ ਰਹੀ ਹੈ।



ਦਿੱਲੀ ਪੁਲਿਸ ਨੇ ਇਕ ਰੀਪੋਰਟ ਦਾਖ਼ਲ ਕਰਦਿਆਂ ਕਿਹਾ ਸੀ ਕਿ ਸ਼ਿਕਾਇਤਕਰਤਾ ਦਾ ਕੋਈ ਅਤਾ-ਪਤਾ ਨਾ ਹੋਣ ਕਾਰਨ ਮਾਮਲੇ ਨੂੰ ਬੰਦ ਕਰ ਦਿੱਤਾ ਜਾਵੇ। ਇਸ ਮਗਰੋਂ ਹੇਠਲੀ ਅਦਾਲਤ ਨੇ ਜੁਲਾਈ 2008 ਵਿਚ ਮਾਮਲੇ ਨੂੰ ਬੰਦ ਕਰ ਦਿੱਤਾ ਸੀ।




ਮਰਦਾਨਾ ਤਾਕਤ ਲਈ ਅਮਰੀਕਾ ਵਿੱਚ ਕੀਤੀ ਗਈ ਨਵੀਂ ਖੋਜ ਦਾ ਕਮਾਲ!

ਕੀ ਤੁਹਾਡੀ ਵਿਵਾਹੁਤਾ ਜ਼ਿੰਦਗੀ ਦਾ ਅਨੰਦ ਥੋੜੇ ਸਮੇਂ ਤੱਕ ਹੀ ਰਹਿ ਗਿਆ ਹੈ?

ਬਚਪਨ ਦੀਆਂ ਗਲਤੀਆਂ ਅਤੇ ਗ਼ੈਰ ਕੁਦਰਤੀ ਤਰੀਕੇ ਨਾਲ ਤੁਹਾਡੀਆਂ ਨਸਾਂ ਵਿੱਚ ਜਿਹੜਾ ਨੁਕਸਾਨ, ਜਿਵੇਂ ਕਮਜ਼ੋਰੀ ਅਤੇ ਕੁਦਰਤੀ ਵਾਧਾ ਨਾ ਹੋਣਾ ਅਤੇ ਆਪਣੇ ਸਾਥੀ ਨੂੰ ਪੂਰਾ ਅਨੰਦ ਨਾ ਦੇ ਸਕਣਾ! ਜਿਸ ਦੀ ਵਜ੍ਹਾ ਨਾਲ ਮਰਦ ਵਿਆਹੁਤਾ ਜ਼ਿੰਦਗੀ ਤੋਂ ਦੂਰ ਭਜਣਾ ਚਾਹੁੰਦਾ ਹੈ, ਪਰ ਇਹ ਝਾਕਾ ਅਤੇ ਸ਼ਰਮ ਕੱਦ ਤੱਕ ਅਤੇ ਕਿਉਂ ? ਨਾ ਉਮੀਦੀ ਤੇ ਮਾਯੂਸੀ ਦੇ ਚੁੰਗਲ ਤੋਂ ਨਿਕਲ ਕੇ ਤੁਸੀਂ ਵੀ ਗ੍ਰਹਿਸਥ ਜ਼ਿੰਦਗੀ ਵਿੱਚ ਖੁਸ਼ੀਆਂ ਲਿਆ ਸਕਦੇ ਹੋ !!

ਸਾਡੇ ਪਾਸ ਅਮਰੀਕਾ ਵਿੱਚ ਤਿਆਰ ਕੀਤੀ ਨਵੀਂ ਤਰ੍ਹਾਂ ਦੀ ਦਵਾਈ ਅਤੇ ਕਰੀਮ ਜੋ ਕਿ ਖਾਲਸ ਜੜ੍ਹੀ ਬੂਟੀਆਂ ਤੋਂ ਤਿਆਰ ਕੀਤੀ ਗਈ ਹੈ, ਜਿਸ ਦਾ ਤੁਹਾਨੂੰ ਤੁਰੰਤ ਅਸਰ ਬਿਨ੍ਹਾਂ ਕਿਸੇ ਨੁਕਸਾਨ ਤੋਂ ਪੱਕੇ ਤੌਰ 'ਤੇ ਰਹੇਗਾ!

***ਇਸ ਤੋਂ ਇਲਾਵਾ ਸਲਿਮਿੰਗ, ਅਲਰਜੀ, ਦਮਾ, ਐਗਜ਼ੀਮਾ, ਹਾਈ ਬਲੱਡ ਪ੍ਰੈਸ਼ਰ ਤੇ ਕਬਜ਼ ਆਦਿ ਦਾ ਪੂਰਾ ਤੇ ਮੁਕੰਮਲ ਇਲਾਜ ਕੀਤਾ ਜਾਂਦਾ ਹੈ।***

ਇਕ ਅਨੌਖਾ ਇਲਾਜ ਕੇਵਲ ਮਰਦਾਂ ਵਾਸਤੇ!

*Free Cataloge & Free Delivery*

*ਨੋਟ: ਤੁਸੀਂ ਪੰਜਾਬੀ ਵਿੱਚ ਵੀ ਸਾਡੇ ਨਾਲ ਗੱਲਬਾਤ ਕਰਕੇ ਸਲਾਹ ਮਸ਼ਵਰਾ ਲੈ ਸਕਦੇ ਹੋ!*

**LIFE HERBAL & NUTRITIONS**
32, MASON STREET, MANCHESTER
TEL: 0161 834 5838



ਵੁਲਵਰਹੈਂਪਟਨ ਦੇ ਮਸ਼ਹੂਰ ਤੇ ਤਜ਼ਰਬੇਕਾਰ ਵਕੀਲ ਅਤੇ ਨੋਟਰੀ ਪਬਲਿਕ

**ਬੜੈਚ**

ਸੌਲਿਸਟਰਜ਼ ਐਂਡ ਨੋਟਰੀ ਪਬਲਿਕ

We Carry out work in Conveyancing, Immigration & Civil Law

* Immigration * Asylum Applications
* Marriage Applications * Visitors Visa
* Tier 1,2,3,4 & 5 Applicitions.
* Judicial Review applications Deportation appeals.
* Conveyancing -
Buying & Selling Domestic & Commercial Properties.
Please Contact For Quotation
* Landlord & Tenant * Civil & Criminal Law

LAKHVINDER SINGH BRAITCH
(Solicitor & Notary Public)
M : 07773 374 848

**BRAITCH SOLICITORS & NOTARY PUBLIC**
28 Chapel Ash, Wolverhampton, WV3 0TN
Tel: 01902 711200, Fax: 01902 711007
www.braitchsolicitors.co.uk, email: lax@braitchsolicitors.co.uk